# ਪੰਜਾਬੀ
# TMA
**210**
**( Secondary)**

ਕੁਲ ਅੰਕ : 20
**MM. : 20**

**ਟਿੱਪਣੀ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।
Note : All Qustions are compulsory. The marks allowed for each question are given at same place.
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।
Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਸ਼ਬਦ ਰਚਨਾ ਕੀ ਹੁੰਦੀ ਹੈ? ਸੰਬੰਧਕ ਅਤੇ ਯੋਜਕ ਬਾਰੇ ਉਦਾਹਰਣ ਸਹਿਤ ਜਾਣਕਾਰੀ ਦਿਓ।

ਜਾਂ

(ਅ) ਮਲੰਗ ਕਹਾਣੀ ਵਿੱਚ ਕੋਈ ਵੀ ਘਟਨਾ ਵਾਪਰਦੀ ਨਹੀਂ, ਪਰ ਵਾਪਰਣ ਦੀ ਪੂਰੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਕਹਾਣੀ ਵਿੱਚ ਦੇਵਤਿਆਂ ਤੇ ਰਾਖ਼ਸ਼ਸਾਂ, ਸਵਰਗ ਅਤੇ ਨਰਕ ਆਦਿ ਦਾ ਵਰਣਨ ਕਰਦੇ ਹੋਏ ਇਹ ਵੀ ਲਿਖਿਆ ਗਿਆ ਹੈ ਕਿ ਇਸ ਸੰਸਾਰ ਵਿੱਚ ਲੋਕ ਆਪਣੇ ਕਰਮਾਂ ਨਾਲ ਹੀ ਆਪਣੇ ਮਨਾਂ ਅੰਦਰ ਸਵਰਗ ਅਤੇ ਨਰਕ ਦਾ ਮਾਹੌਲ ਪੈਦਾ ਕਰ ਲੈਂਦੇ ਹਨ। ਤੁਸੀਂ ਦੱਸੋ ਕਿ ਦੋਵਾਂ ਬੱਸਾਂ ਵਿਚਲੀ 'ਅੱਗੇ ਲੰਘਣ ਦੀ ਦੌੜ' ਤੋਂ ਕਹਾਣੀਕਾਰ ਨੇ ਕੀ ਸਮਝਿਆ ਹੈ?

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) 'ਇਨਸਾਨਤਾਨ' ਕਵਿਤਾ ਵਿੱਚ ਧਨੀਰਾਮ ਚਾਤ੍ਰਿਕ ਨੇ ਇੱਕ ਨਵੇਂ ਨਰੋਏ ਤੇ ਉੱਚੇ ਆਦਰਸ਼ਾਂ ਵਾਲੇ ਸੰਸਾਰ ਦੀ ਕਲਪਨਾ ਕੀਤੀ ਹੈ। ਨਵੇਂ ਸੰਸਾਰ ਵਿੱਚ ਨਫ਼ਰਤ, ਤੰਗਦਿਲੀ ਤੇ ਧਾਰਮਕ ਕੱਟੜਤਾ ਲਈ ਕੋਈ ਥਾਂ ਨਾ ਹੋਵੇ। ਇਸ ਕਵਿਤਾ ਵਿੱਚ ਕਵੀ ਸੰਸਾਰ ਵਿਚੋਂ ਕਿਹੜੀਆਂ ਬੁਰਾਈਆਂ ਦੇ ਖਤਮ ਹੋਣ ਦੀ ਕਾਮਨਾ ਕਰਦਾ ਹੈ?

ਜਾਂ

(ਅ) ਮਨੁੱਖ ਦੇ ਜੀਵਨ ਵਿੱਚ ਖ਼ੂਨ ਦੀ ਬੜੀ ਮਹੱਤਤਾ ਹੈ। ਪਾਠ ਦੇਹ ਅਰੋਗਤਾ ਦੇ ਅਧਾਰ ਤੇ ਖ਼ੂਨ ਦੇ ਸਫ਼ੈਦ ਕਣਾਂ ਅਤੇ ਲਾਲ ਕਣਾਂ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਅਖਾਣਾਂ ਦਾ ਕਿਸੀ ਭਾਸ਼ਾ ਵਿੱਚ ਕੀ ਮਹੱਤਵ ਹੈ? ਮੁਹਾਵਰੇ ਅਤੇ ਅਖਾਣ ਵਿੱਚ ਕੀ ਅੰਤਰ ਹੈ? ਕਿਸੇ ਚੰਗੇ ਆਦਮੀ ਦੀ ਨਿੰਦਿਆ ਕਰਨ ਵਾਲੇ ਲਈ ਕਿਹੜਾ ਅਖਾਣ ਵਰਤਿਆ ਜਾਂਦਾ ਹੈ?

ਜਾਂ

(ਅ) 'ਖਨਗਾਹੀਂ ਦੀਵਾ ਬਾਲਦੀਏ' ਕਵਿਤਾ ਦੇ ਕਵੀ ਕੌਣ ਹਨ? ਖਨਗਾਹ ਤੇ ਦੀਵਾ ਬਾਲਦੀ ਕੁੜੀ ਨੂੰ ਵੇਖ ਕੇ ਕਵੀ ਤੇ ਕੀ ਪ੍ਰਭਾਵ ਪੈਂਦਾ ਹੈ?

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਧਨੀਰਾਮ ਚਾਤ੍ਰਿਕ ਹਿੰਦੂ, ਮੋਮਨ, ਸਿੱਖ ਤੇ ਈਸਾਈ ਵਿੱਚ ਕਿਸ ਤਰ੍ਹਾਂ ਦਾ ਰਿਸ਼ਤਾ ਵੇਖਣਾ ਚਾਹੁੰਦਾ ਹੈ? ਕਵੀ ਕਿਹੜੀਆਂ ਬੁਰਾਈਆਂ ਦੇ ਖ਼ਤਮ ਹੋਣ ਦੀ ਕਾਮਨਾ ਕਰਦਾ ਹੈ? 'ਇਨਸਾਨਤਾਨ' ਕਵਿਤਾ ਦੇ ਅਧਾਰ ਤੇ ਲਿਖੋ।

**ਜਾਂ**

(ਅ) ਕਹਾਣੀ ਮਲੰਗ ਰਾਹੀਂ ਲੇਖਕ ਸਮਾਜ ਦੇ ਕਿਹੜੇ ਪੱਖ ਨੂੰ ਪੇਸ਼ ਕਰਨਾ ਚਾਹੁੰਦਾ ਹੈ? ਆਪਣੀ ਪਾਠ-ਪੁਸਤਕ ਦੇ ਅਧਾਰ ਤੇ ਆਪਣੇ ਵਿਚਾਰ ਲਿਖੋ।

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਅਨੀਮੀਆ ਕੀ ਹੈ? ਇਹ ਕਿਉਂ ਹੋ ਜਾਂਦਾ ਹੈ? ਇਸ ਤੋਂ ਬਚਣ ਲਈ ਸਾਨੂੰ ਕਿਹੋ ਜਿਹੀ ਖ਼ੁਰਾਕ ਲੈਣੀ ਚਾਹੀਦੀ ਹੈ? ਪਾਠ 'ਦੇਹ-ਅਰੋਗਤਾ' ਦੇ ਅਧਾਰ ਤੇ ਆਪਣੇ ਵਿਚਾਰ ਲਿਖੋ।

**ਜਾਂ**

(ਅ) ਰਚਿਤ ਅਤੇ ਉਤਪੰਨ ਸ਼ਬਦ ਕਿੰਨੀ ਤਰ੍ਹਾਂ ਦੇ ਹੁੰਦੇ ਹਨ? ਇਹਨਾਂ ਦੀ ਪਰਿਭਾਸ਼ਾ ਲਿਖਦੇ ਹੋਏ ਤੇ ਹਰੇਕ ਦੇ ਦੋ-ਦੋ ਉਦਾਹਰਨ ਦਿਓ।

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ — (6)

(ੳ) ਭਾਸ਼ਾ ਦੇ ਵਿੱਚ ਅਖਾਣਾਂ ਦਾ ਬਹੁਤ ਮਹੱਤਵ ਹੁੰਦਾ ਹੈ। ਕ, ਖ, ਗ ਅਤੇ ਚ ਅੱਖਰ ਨਾਲ ਸ਼ੁਰੂ ਹੋਣ ਵਾਲੇ ਦੋ-ਦੋ ਅਖਾਣ ਲਿਖੋ ਤੇ ਦੱਸੋ ਕਿ ਉਹ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ? ਇਸ ਸੰਬੰਧੀ ਪ੍ਰੋਜੈਕਟ ਤਿਆਰ ਕਰੋ।

**ਜਾਂ**

(ਅ) ਆਕਸੀਜਨ ਦੀ ਮਹੱਤਤਾ ਬਾਰੇ ਕੋਵਿਡ-19 ਵਿੱਚ ਇਸ ਨੇ ਕਿਵੇਂ ਜਾਗਰੂਕ ਕੀਤਾ? ਵਾਤਾਵਰਨ ਵਿੱਚ ਆਕਸੀਜਨ ਨੂੰ ਵਧਾਉਣ ਲਈ ਕਿਹੜੇ ਤਰੀਕੇ ਅਪਨਾਏ ਜਾ ਸਕਦੇ ਹਨ? ਇਸ ਬਾਰੇ ਆਪਣਾ ਪ੍ਰੋਜੈਕਟ ਤਿਆਰ ਕਰੋ।